ਦਫ਼ਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

1) ਪ੍ਰਬੰਧਕ ਨਿਰਦੇਸ਼ਕ,
ਮਾਰਕਫੈੱਡ, ਪੰਜਾਬ, ਚੰਡੀਗੜ੍ਹ।

2) ਸਟੇਟ ਮਾਰਕੀਟਿੰਗ ਮੈਨੇਜਰ, (ਪੰਜਾਬ),
ਇਫਕੋ, ਚੰਡੀਗੜ੍ਹ।

3) ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਮੀਮੋ ਨੰ: ਰਸਸ/ਮੰਡੀ:/ਨ.ਖ./ 5186-88
ਚੰਡੀਗੜ੍ਹ ਮਿਤੀ: 10/6/15

ਵਿਸ਼ਾ:- **ਸਾਉਣੀ 2015 ਲਈ ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ ਕਿਸਾਨਾਂ ਨੂੰ ਉਚੇਰੇ ਮਿਆਰ ਦੇ ਐਗਰੋ ਕੈਮੀਕਲਜ਼ ਮੁਹੱਈਆ ਕਰਾਉਣ ਸਬੰਧੀ।**

ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ ਕਿਸਾਨਾਂ ਨੂੰ ਵਧੀਆ ਐਗਰੋ ਕੈਮੀਕਲਜ਼ ਦੀ ਸਪਲਾਈ ਲਈ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਫੈਸਲਾ ਕੀਤਾ ਗਿਆ ਹੈ ਕਿ ਹਾੜ੍ਹੀ 2014-15 ਦੇ ਸੀਜ਼ਨ ਦੀ ਤਰ੍ਹਾਂ ਹੀ ਸਾਉਣੀ 2015 ਲਈ ਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਐਗਰੋ ਕੈਮੀਕਲਜ਼ ਮਾਰਕਿਟ ਵਿੱਚੋਂ ਆਪਣੇ ਪੱਧਰ ਤੇ ਖਰੀਦ ਕਰਨ ਦੀ ਖੁੱਲ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਰਾਜ ਦੀਆਂ ਖੇਤੀਬਾੜੀ ਸਭਾਵਾਂ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਅਤੇ ਪੰਜਾਬ ਸਰਕਾਰ ਵੱਲੋਂ ਪੱਤਰ ਨੰ.13/8/14-ਖ.ਬ.2(10)/9218 ਮਿਤੀ 05/08/2013 ਰਾਹੀਂ ਗਠਿਤ ਕੀਤੀ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਬਰਾਂਡ ਹੀ ਆਪਣੇ ਮੈਂਬਰਾਂ ਨੂੰ ਸਪਲਾਈ ਕਰਨਗੀਆਂ। ਇਹ ਬਰਾਂਡ ਕੰਪਨੀਆਂ ਦੇ ਅਧਿਕਾਰਿਤ ਡੀਲਰ ਜਾਂ ਡਿਸਟ੍ਰੀਬਿਊਟਰ ਤੋਂ ਹੀ ਲਏ ਜਾਣਗੇ। ਵੱਖ-ਵੱਖ ਦਵਾਈਆਂ ਦੀ ਖਰੀਦ ਦੀ ਮਾਤਰਾ, ਰੇਟ ਅਤੇ ਮਾਰਜਨ ਸਭਾਵਾਂ ਆਪਣੇ ਪੱਧਰ ਤੇ ਤੈਅ ਕਰਨਗੀਆਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਅਤੇ ਪੰਜਾਬ ਸਰਕਾਰ ਵੱਲੋਂ ਉਕਤ ਪੱਤਰ ਮਿਤੀ 05.08.13 ਰਾਹੀਂ ਗਠਿਤ ਕੀਤੀ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਐਗਰੋ ਕੈਮੀਕਲਜ਼ ਦੇ ਬਰਾਂਡਾਂ ਦੀ ਸੂਚੀ ਪਹਿਲਾਂ ਹੀ ਪੱਤਰ ਨੰ. ਰਸਸ/ਮੰਡੀ:/ਨ.ਖ./5603-05 ਮਿਤੀ 12.05.14 ਅਤੇ ਪੱਤਰ ਨੰ. ਰਸਸ/ਮੰਡੀ:/ਨ.ਖ./8702-06 ਮਿਤੀ 25.07.14 ਰਾਹੀਂ ਆਪ ਨੂੰ ਭੇਜੀ ਜਾ ਚੁੱਕੀ ਹੈ।

ਇਸ ਦੇ ਨਾਲ ਹੀ ਕੰਟਰੋਲਰ ਆਫ ਸਟੋਰਜ਼, ਪੰਜਾਬ ਵੱਲੋਂ ਆਪਣੇ ਪੱਤਰ ਨੰ.ਜੀ-[illegible]/2014-15/ਆਰ.ਸੀ./ਜੀ.ਐਲ/4438 ਮਿਤੀ 25.03.15 (ਕਾਪੀ ਨੱਥੀ) ਰਾਹੀਂ ਉਕਤ ਐਗਰੋ ਕੈਮੀਕਲਜ਼ ਦੇ ਬਰਾਂਡਾਂ ਦੀ ਸੂਚੀ ਵਿੱਚੋਂ ਕੁਝ ਐਗਰੋ ਕੈਮੀਕਲਜ਼ ਦੇ ਬਰਾਂਡਜ਼ (Chlorpyriphos, Quinalphos, Thiamethoxam 25 W.G. Atrazin, Metalaxyl 8% Mancozeb 64%, Pendimethalin and Propiconazole) ਦੇ ਰੇਟ ਕੰਟਰੈਕਟ ਕੀਤੇ ਗਏ ਹਨ। ਜਿਨ੍ਹਾਂ ਐਗਰੋ ਕੈਮੀਕਲਜ਼ ਦੇ ਬਰਾਂਡਾਂ ਦੇ ਰੇਟ ਕੰਟਰੋਲਰ ਆਫ ਸਟੋਰਜ਼, ਪੰਜਾਬ ਨੇ ਪ੍ਰਵਾਨ ਕੀਤੇ ਹਨ, ਇਹ ਬਰਾਂਡ ਨਿਰਧਾਰਤ ਰੇਟਾਂ ਤੇ ਹੀ ਖਰੀਦ ਕੇ ਸਪਲਾਈ ਕੀਤੇ ਜਾਣਗੇ।

ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਪ੍ਰਵਾਨਤ ਬਰਾਂਡਾਂ ਤੋਂ ਇਲਾਵਾ ਹੋਰ ਕਿਸੇ ਬਰਾਂਡ ਦੀ ਖਰੀਦ/ਸਪਲਾਈ ਨਾ ਕੀਤੀ ਜਾਵੇ।

ਇਹ ਹਦਾਇਤਾਂ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਰੂਲ 1963 ਦੇ ਰੂਲ ਨੰ.43 ਅਧੀਨ ਜਾਰੀ ਕੀਤੀਆਂ ਜਾਂਦੀਆਂ ਹਨ।

ਵਧੀਕ ਰਜਿਸਟਰਾਰ (ਜੀ)
ਵਾਸਤੇ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ:ਰਸਸ/ਅਡੀ: ਨ.ਖ. 5189-95 ਮਿਤੀ: 10/6/15

ਉਪਰੋਕਤ ਦਾ ਉਤਾਰਾ:

1. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ, (ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸ਼ਕ,ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧ ਨਿਰਦੇਸ਼ਕ,ਮਾਰਕਫੈਡ,ਪੰਜਾਬ ਚੰਡੀਗੜ੍ਹ ਨੂੰ ਲੋੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ।
7. ਪ੍ਰਬੰਧ ਨਿਰਦੇਸ਼ਕ/ਮੈਨੇਜਰ ਸਮੂਹ ਕੇਂਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਰਜਿਸਟਰਾਰ (ਜੀ)
ਵਾਸਤੇ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।